# ਬਰੈਸਟ ਕੈਂਸਰ ਦਾ ਜੇ ਮੁੱਢਲੇ ਤੌਰ 'ਤੇ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਸੰਭਵ: ਡਾ. ਬਰਾੜ



ਫ੍ਰੀ ਬਰੈਸਟ ਕੈਂਸਰ ਚੈੱਕਅਪ ਕੈਂਪ ਦਾ ਉਦਘਾਟਨ ਕਰਦੇ ਹੋਏ ਐਸ.ਐਸ.ਪੀ.ਆਰ.ਕੇ.ਜੈਸਵਾਲ, ਉਨ੍ਹਾਂ ਨਾਲ ਸਾਬਕਾ ਵਿਧਾਇਕ ਗੁਰਦੀਪ ਸਿੰਘ ਭੈਣੀ, ਨਛੱਤਰ ਸਿੰਘ ਸੱਗੂ ਅਤੇ ਹੋਰ ਮੁੱਖ ਸ਼ਖਸੀਅਤਾਂ। ( ਫੋਟੋ- ਹਰਵਿੰਦਰ ਸੱਗੂ )

ਜਗਰਾਓਂ, 24 ਸਤੰਬਰ ( ਸੱਗੂ, ਭੰਡਾਰੀ )—ਕ੍ਰਿਸ਼ਨਾ ਬਰੈਸਟ ਕੈਂਸਰ ਕੇਅਰ ਚੈਰੀਟੇਬਲ ਟਰੱਸਟ ਲੁਧਿਆਣਾ ਅਤੇ ਦਿਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵਲੋਂ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਜਗਰਾਓਂ ਵਿਖੇ ਫ੍ਰੀ ਬਰੈਸਟ ਕੈਂਸਰ ਮੈਡੀਕਲ ਚੈਕਅਪ ਕੈਂਪ ਲਗਾਇਆ ਗਿਆ, ਜਿਸਦਾ ਉਦਘਾਟਨ ਐਸ,ਐਸ.ਪੀ.ਆਰ.ਕੇ.ਜੈਸਵਾਲ ਨੇ ਕੀਤਾ। ਇਸ ਮੌਕੇ ਸ਼੍ਰੀ ਜੈਸਵਾਲ ਨੇ ਕਿਹਾ ਕਿ ਜਗਰਾਓਂ ਵਾਸੀਆਂ ਨੂੰ ਫ੍ਰੀ ਸੇਵਾਵਾਂ ਪ੍ਰਦਾਨ ਕਰਨ ਲਈ ਅੱਜ ਕੈਂਸਰ ਵਰਗੀ ਬਿਮਾਰੀ ਦੇ ਸਮੁੱਚੇ ਨੌਰਥ ਇੰਡੀਆ ਵਿਚ ਮੰਨੇ ਹੋਏ ਡਾਕਟਰ ਵਿਸ਼ੇਸ਼ ਤੌਰ 'ਤੇ ਪਹੁੰਚੇ ਹਨ। ਇਨ੍ਹਾਂ ਦੀਆਂ ਸੇਵਾਵਾਂ ਦਾ ਸਾਰੇ ਇਲਾਕਾ ਨਿਵਾਸੀਆਂ ਨੂੰ ਭਰਪੂਰ ਲਾਭ ਲੈਣਾ ਚਾਹੀਦਾ ਹੈ। ਇਸ ਮੌਕੇ ਇਸ ਕੈਂਪ ਵਿਚ ਉੱਤਰ ਭਾਰਤ ਦੇ ਕੈਂਸਰ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਜੇ. ਐਸ. ਸੇਖੋਂ, ਡਾ.ਡੀ.ਐਸ.ਸੰਧੂ ਅਤੇ ਡਾ.ਗੁਰਪ੍ਰੀਤ ਬਰਾੜ ਨੇ ਬਰੈਸਟ ਕੈਂਸਰ ਪ੍ਰਤੀ ਵਡਮੁੱਲੀ ਜਾਣਕਾਰੀ ਦਿੰਦਿਆਂ ਕਿਹਾ ਕਿ ਛਾਤੀ ਦਾ ਕੈਂਸਰ ਛੂਤ ਦੀ ਬਿਮਾਰੀ ਨਹੀਂ ਹੈ ਅਤੇ ਨਾ ਹੀ ਟਕਰਾਉਣ (ਬੁਮਪਨਿੰਗ), ਸੱਟ ਲਗਣ ਜਾਂ ਛੂਹਣ ਨਾਲ ਨਹੀਂ ਹੁੰਦਾ। ਬਰੈਸਟ ਕੈਂਸਰ ਰਸਾਇਣਿਕ ਖਾਦਾਂ, ਕੀੜੇਮਾਰ ਦਵਾਈਆਂ ਦੀ ਵਧੇਰੇ ਵਰਤੋਂ, ਪੀਣ ਵਾਲੀ ਪਾਣੀ ਪੀਣਯੋਗ ਨਾ ਹੋਣਾ ਅਤੇ ਲਗਾਤਾਰ ਵਧ ਰਹੇ ਪ੍ਰਦੂਸ਼ਨ ਸਦਕਾ ਬੜੀ ਤੇਜ਼ੀ ਨਾਲ ਵਧ ਰਿਹਾ ਹੈ। ਆਮ ਤੌਰ 'ਤੇ 50 ਸਾਲ ਦੇ ਉੱਪਰ ਦੀਆਂ ਔਰਤਾਂ ਵਿਚ ਲਗ-ਭਗ ਸਾਰੇ ਤਰ੍ਹਾਂ ਦੇ ਛਾਤੀ ਦੇ ਕੈਂਸਰ ਪਾਏ ਜਾਂਦੇ ਹਨ। ਇਹ ਬਿਮਾਰੀ 30 ਸਾਲ ਤੋਂ ਘੱਟ ਉਮਰ ਵਿਚ ਆਮ ਨਹੀਂ ਹੁੰਦੀ ਅਤੇ 20 ਸਾਲ ਤੋਂ ਹੇਠਾਂ ਬਿਲਕੁਲ ਹੀ ਨਾਮਾਤਰ ਹੈ। ਇਸ ਮੌਕੇ ਸਾਬਕਾ ਵਿਧਾਇਕ ਗੁਰਦੀਪ ਸਿੰਘ ਭੈਣੀ, ਗੁਰਦੁਆਰਾ ਵਿਸ਼ਵਕਰਮਾ ਮੰਦਰ ਕਮੇਟੀ ਦੇ ਸਰਪ੍ਰਸਤ ਨਛੱਤਰ ਸਿੰਘ ਸੱਗੂ, ਮਹਿੰਦਰ ਸਿੰਘ ਧੀਮਾਨ, ਨਗਰ ਕੌਂਸਲ ਜਗਰਾਓਂ ਦੇ ਪ੍ਰਧਾਨ ਰਾਜ ਕੁਮਾਰ ਮਲਹੋਤਰਾ, ਬਲਾਕ ਕਾਂਗਰਸ ਜਗਰਾਓਂ ਦੇ ਪ੍ਰਧਾਨ ਰਵਿੰਦਰ ਮੋਹਨ ਪਿੰਕੀ, ਕੌਂਸਲਰ ਕੰਵਰਪਾਲ ਸਿੰਘ, ਕੌਂਸਲਰ ਇੰਦਰਜੀਤ ਸਿੰਘ ਲੋਹਟ, ਰਿਟਾ. ਡਿਪਟੀ ਡੀ.ਈ.ਓ. ਲਛਮਣ ਸਿੰਘ, ਮਨਜੀਤਇੰਦਰਪਾਲ ਸਿੰਘ ਢਿੱਲੋਂ, ਕਾਲਾ ਕਲਿਆਣ, ਵਿਸ਼ਵਕਰਮਾ ਭਵਨ ਦੇ ਪ੍ਰਧਾਨ ਮੋਹਨ ਸਿੰਘ ਸੱਗੂ, ਸਾਬਕਾ ਕੌਂਸਲਰ ਰਾਮ ਸਿੰਘ ਤੋਂ ਇਲਾਵਾ ਇਲਾਕੇ ਦੀਆਂ ਹੋਰ ਬਹੁਤ ਸਾਰੀਆਂ ਮਾਣਯੋਗ ਸ਼ਖਸੀਅਤਾਂ ਹਾਰ ਸਨ। ਗੁਰਦੁਆਰਾ ਵਿਸ਼ਵਕਰਮਾਂ ਮੰਦਰ ਕਮੇਟੀ ਵਲੋਂ ਐਸ. ਐਸ. ਪੀ. ਜੈਸਵਾਲ ਅਤੇ ਡਾਕਟਰਾਂ ਦੀ ਸਮੁੱਚੀ ਟੀਮ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।